# ਖ਼ਾਲਸਾ ਕਾਲਜ ਦੇ 13 ਵਿਦਿਆਰਥੀ

# ਪੰਜਾਬ ਸਰਕਾਰ 'ਚ ਬਣੇ ਏ. ਡੀ. ਓ.





**ਅੰਮ੍ਰਿਤਸਰ, 1 ਅਗਸਤ (ਹਰਪਾਲ ਸਿੰਘ ਭੰਗੂ)**-ਖ਼ਾਲਸਾ ਕਾਲਜ ਵਿਖੇ ਐਗਰੀਕਲਚਰ ਵਿਭਾਗ ਦੀਆਂ ਵਿੱਦਿਆ ਦੇ ਖੇਤਰ 'ਚ ਸਦਾ ਹੀ ਵੱਡੀਆਂ ਪ੍ਰਾਪਤੀਆਂ ਰਹੀਆਂ ਹਨ। ਇੱਥੋਂ ਦੇ ਪੜ੍ਹੇ ਹੋਏ ਵਿਦਿਆਰਥੀ ਦੁਨੀਆਂ ਭਰ 'ਚ ਨਾਮਵਰ ਅਹੁਦਿਆਂ 'ਤੇ ਸੇਵਾਵਾਂ ਨਿਭਾਅ ਰਹੇ ਹਨ। ਕਾਲਜ ਦੇ ਐਗਰੀਕਲਚਰ ਵਿਭਾਗ ਦੀ ਪੰਜਾਬ ਦੀ ਐਗਰੀਕਲਚਰ ਨੂੰ ਬਹੁਤ ਵੱਡੀ ਦੇਣ ਹੈ। ਪੰਜਾਬ ਦੇ ਪਬਲਿਕ ਸਰਵਿਸ ਕਮਿਸ਼ਨ ਵੱਲੋਂ ਲਏ ਗਏ ਟੈਸਟ ਅਤੇ ਇੰਟਰਵਿਊ ਰਾਹੀਂ ਖ਼ਾਲਸਾ ਕਾਲਜ ਦੇ ਐਗਰੀਕਲਚਰ ਵਿਭਾਗ ਦੇ 13 ਐਗਰੀਕਲਚਰ ਡਿਵੈਲਪਮੈਂਟ ਅਫ਼ਸਰ (ਏ. ਡੀ. ਓ.) ਚੁਣੇ ਗਏ ਹਨ।ਇਸ ਮੌਕੇ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਸ. ਰਜਿੰਦਰ ਮੋਹਨ ਸਿੰਘ ਛੀਨਾ ਨੇ ਚੁਣੇ ਗਏ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦਿਆਂ ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ ਦੁਆਰਾ ਨਿਭਾਈ ਜਾ ਰਹੀ ਜ਼ਿੰਮੇਵਾਰੀ ਦੀ ਪ੍ਰਸੰਸਾ ਕੀਤੀ ਅਤੇ ਕਿਹਾ ਕਿ ਕਾਲਜ ਨੇ ਪੁਰਾਤਨ ਸਮੇਂ ਤੋਂ ਹੀ ਮਾਣਮੱਤੀਆਂ ਪ੍ਰਾਪਤੀਆਂ ਆਪਣੇ ਨਾਂਅ 'ਤੇ ਦਰਜ ਕਰਵਾਈਆਂ ਹਨ ਅਤੇ ਇੱਥੋਂ ਦੇ ਵਿਦਿਆਰਥੀ ਨਾਮਵਰ ਅਹੁੱਦਿਆਂ 'ਤੇ ਬਿਰਾਜਮਾਨ ਹੋ ਕੇ ਵਿੱਦਿਅਕ ਸੰਸਥਾ ਅਤੇ ਆਪਣੇ ਮਾਤਾ ਪਿਤਾ ਦਾ ਨਾਮ ਰੌਸ਼ਨ ਕਰ ਰਹੇ ਹਨ। ਉਨ੍ਹਾਂ ਇਸ ਮੌਕੇ ਮੁਖੀ ਤੇ ਡੀਨ ਐਗਰੀਕਲਚਰ ਵਿਭਾਗ ਅਤੇ ਸਮੁੱਚੇ ਸਟਾਫ਼ ਨੂੰ ਵੀ ਵਧਾਈ ਦਿੱਤੀ ਹੈ ਅਤੇ ਆਪਣੇ ਅਹੁਦਿਆਂ 'ਤੇ ਸੇਵਾ ਭਾਵ ਨਾਲ ਕੰਮ ਕਰਨ ਦੀਆਂ ਸ਼ੁਭ ਕਾਮਨਾਵਾਂ ਦਿੱਤੀਆਂ ਹਨ।ਇਸ ਮੌਕੇ ਪ੍ਰਿੰ: ਡਾ. ਮਹਿਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਕਤ ਟੈਸਟ 'ਚ ਸਿਮਰਨਜੀਤ ਸਿੰਘ, ਲਵਪ੍ਰੀਤ ਸਿੰਘ, ਰਾਜਵੀਰ ਸਿੰਘ, ਜਸਪ੍ਰੀਤ ਸਿੰਘ, ਐਮ.ਐਸ-ਸੀ. (ਐਗਰੋਨਮੀ), ਅਮਨਦੀਪ ਸਿੰਘ,

ਸਟਿੰਗ ਅਪ੍ਰੇਸ਼ਨ
for Reporting Contact : 90416-59160

ਐਮ.ਐਸ-ਸੀ. (ਸੋਇਲ-ਸਾਇੰਸ), ਬਿਕਰਮਜੀਤ ਸਿੰਘ, ਹਰਪ੍ਰੀਤ ਸਿੰਘ, ਨਵਦੀਪ ਸਿੰਘ, ਭਵਜੀਤ ਸਿੰਘ, ਵਿਸ਼ਰਡ ਕੁੰਦਰਾ, ਅਰਪਨਪ੍ਰੀਤ ਸਿੰਘ, ਹਰਜੀਤ ਸਿੰਘ, ਜਸਪ੍ਰੀਤ ਸਿੰਘ, ਬੀ.ਐਸ-ਸੀ. (ਐਗਰੀਕਲਚਰ) ਦੀ ਚੋਣ ਹੋਈ ਹੈ।ਉਨ੍ਹਾਂ ਕਿਹਾ ਕਿ ਕਾਲਜ ਦਾ ਐਗਰੀਕਲਚਰ ਵਿਭਾਗ ਪੰਜਾਬ 'ਚ ਖੇਤੀਬਾੜੀ ਦੀ ਵਿੱਦਿਆ ਦੇਣ ਸੰਬੰਧੀ ਇਕ ਨਾਮਵਰ ਵਿਭਾਗ ਹੈ। ਇਹ ਵਿਭਾਗ ਸਾਜੋ-ਸਾਮਾਨ, ਲੈਬੋਰਟਰੀ ਤੇ ਫੈਕਲਟੀ ਦੀ ਪੱਧਰ 'ਤੇ ਇਕ ਉੱਚ-ਕੁਆਲਿਟੀ ਵਾਲਾ ਵਿਭਾਗ ਹੈ। ਇਸ ਵਿਭਾਗ ਦੇ ਅੰਤਰਗਤ ਸੌ ਏਕੜ ਦੇ ਕਰੀਬ ਜ਼ਮੀਨ ਅਤੇ ਬਾਨਵੇਂ (92) ਫੈਕਲਟੀ ਮੈਂਬਰ ਹਨ। ਇਸ ਦੇ ਉੱਚੇ ਮਿਆਰ ਸਦਕਾ ਐਗਰੀਕਲਚਰ ਦੀ ਪੜ੍ਹਾਈ ਲਈ ਵਿਦਿਆਰਥੀ ਹਮੇਸ਼ਾ ਇਸ ਕਾਲਜ ਨੂੰ ਪਹਿਲ ਦੇਂਦੇ ਹਨ।